# ਬੋਲਟ ਕਰਨ ਵਾਲੇ ਪਾਵਰ ਪੈਕ – ਨਿਯਮ ਅਤੇ ਸ਼ਰਤਾਂ

**(Bolt on Power Pack – Terms and Conditions – Punjabi)**


ਪੱਛਮੀ ਸਕੌਟਲੈਂਡ ਦਾ ਗਤੀਸ਼ੀਲਤਾ ਅਤੇ ਮੁੜ-ਵਸੇਬਾ ਸੈਂਟਰ (WestMARC)

ਕੁਵੀਨ ਐਲੀਜ਼ਾਬੇਥ ਯੂਨੀਵਰਸਿਟੀ ਹਸਪਤਾਲ

1345 Govan Road
Glasgow G51 4TF

☎ 0300 790 0129

💻 nhsggc.org.uk/your-health/health-services/westmarc

**ਵੈਸਟਮਾਰਕ (WestMARC) ਪਾਵਰ ਪੈਕਾਂ ਦੀ ਸਪਲਾਈ ਜਾਂ ਰੱਖ-ਰਖਾਅ ਨਹੀਂ ਕਰਦਾ ਹੈ; ਅਤੇ ਨਾ ਹੀ ਅਸੀਂ ਕਿਸੇ ਨਿਰਮਾਤਾ ਜਾਂ ਸਪਲਾਇਰ ਦੀ ਸਿਫ਼ਾਰਸ਼ ਕਰ ਸਕਦੇ ਹਾਂ। ਜੇਕਰ ਕਿਸੇ ਪਾਵਰ ਪੈਕ ਨੂੰ ਪੁਰਾਣੀ ਵ੍ਹੀਲਚੇਅਰ ਤੋਂ ਨਵੀਂ ਵ੍ਹੀਲਚੇਅਰ ਵਿੱਚ ਪਾਉਣ ਦੀ ਲੋੜ ਹੈ, ਤਾਂ ਇਹ ਮਰੀਜ਼, ਉਨ੍ਹਾਂ ਦੇ ਪਰਿਵਾਰ ਜਾਂ ਦੇਖਭਾਲ ਟੀਮ ਦੀ ਜ਼ਿੰਮੇਵਾਰੀ ਹੈ।**

## ਪਾਵਰ ਪੈਕ ਜਾਣਕਾਰੀ

### ਅਟੈਂਡੈਂਟ ਵਾਲੇ ਪਾਵਰ ਪੈਕ

ਇੱਕ ਪਾਵਰ ਪੈਕ ਵਿੱਚ ਇੱਕ ਛੋਟੀ ਬੈਟਰੀ ਨਾਲ ਚੱਲਣ ਵਾਲੀ ਮੋਟਰ, ਗਿਅਰਬਾਕਸ ਯੂਨਿਟ ਅਤੇ ਵਾਧੂ ਪਹੀਏ ਹੁੰਦੇ ਹਨ। ਇਹ ਵ੍ਹੀਲਚੇਅਰ ਦੇ ਫਰੇਮ ਨਾਲ ਜੁੜਿਆ ਹੁੰਦਾ ਹੈ, ਜਿਸਦੇ ਨਤੀਜੇ ਵਜੋਂ ਇੱਕ ਅਟੈਂਡੈਂਟ ਦੁਆਰਾ ਧੱਕੀ ਜਾਣ ਵਾਲੀ ਮਸ਼ੀਨੀ ਵ੍ਹੀਲਚੇਅਰ ਹੈ। ਪਾਵਰ ਪੈਕ ਵਿਅਕਤੀ ਅਤੇ ਵ੍ਹੀਲਚੇਅਰ ਦੇ "ਧੱਕਣ" ਨੂੰ ਸੰਭਾਲ ਲੈਂਦਾ ਹੈ। ਕੁਰਸੀ ਨੂੰ ਅਜੇ ਵੀ ਅਟੈਂਡੈਂਟ ਦੁਆਰਾ ਪੁਸ਼ ਹੈਂਡਲਜ਼ ਦੀ ਵਰਤੋਂ ਕਰਦੇ ਹੋਏ, ਨਿਯੰਤਰਿਤ ਕੀਤਾ ਜਾਂਦਾ ਹੈ।

### ਕਾਬਜ਼ ਪਾਵਰ ਪੈਕ

ਬਜ਼ਾਰ ਵਿੱਚ ਬਹੁਤ ਸਾਰੇ ਉਤਪਾਦ ਹਨ ਜੋ ਕਿ ਕਾਬਜ਼ਾਂ ਨੂੰ ਉਹਨਾਂ ਦੀਆਂ ਸਵੈ-ਚਾਲਿਤ ਵ੍ਹੀਲਚੇਅਰਾਂ ਨੂੰ ਆਪ ਅੱਗੇ ਧੱਕਾ ਦੇਣ ਵਿੱਚ ਸਹਾਇਤਾ ਕਰਦੇ ਹਨ, ਜਿਵੇਂ ਕਿ ਟ੍ਰਾਈਕ ਐਡ-ਆਨ, ਸੰਚਾਲਿਤ ਹੈਂਡ ਰਿਮਸ ਅਤੇ ਪਾਵਰ ਪੈਕ ਅਟੈਚਮੈਂਟਾਂ। ਇਹ ਅਕਸਰ ਮਹਿੰਗੇ ਹੁੰਦੇ ਹਨ, ਪਰ ਉਹਨਾਂ ਉਪਭੋਗਤਾਵਾਂ ਲਈ ਇੱਕ ਵਧੀਆ ਜੋੜ ਹੋ ਸਕਦਾ ਹੈ ਜੋ ਸੰਚਾਲਿਤ ਸਹਾਇਤਾ ਚਾਹੁੰਦੇ ਹਨ। ਉਹਨਾਂ ਮਰੀਜ਼ਾਂ ਲਈ ਵਾਧੂ ਜਾਣਕਾਰੀ ਹੈ ਜੋ ਊਰਜਾ ਕੁਸ਼ਲ ਵ੍ਹੀਲਚੇਅਰ ਦੀ ਵਰਤੋਂ ਕਰਦੇ ਹਨ, ਜੋ ਲੋੜ ਪੈਣ 'ਤੇ ਉਪਲਬਧ ਹੈ।

ਦੂਸਰੀ ਕਿਸਮ ਦਾ ਕਾਬਜ਼ ਪਾਵਰ ਪੈਕ ਮੈਨੂਅਲ ਵ੍ਹੀਲਚੇਅਰ ਨੂੰ ਇੱਕ ਸੰਚਾਲਿਤ ਵ੍ਹੀਲਚੇਅਰ ਵਿੱਚ ਬਦਲ ਦਿੰਦਾ ਹੈ, ਜੋ ਕਿ ਉਪਭੋਗਤਾ ਲਈ ਸੰਚਾਲਿਤ ਕਰਨ ਲਈ ਜੋਇਸਟਿਕ ਨਾਲ ਪੂਰੀ ਹੁੰਦੀ ਹੈ। ਇਹ ਉਹਨਾਂ ਉਪਭੋਗਤਾਵਾਂ ਲਈ ਮਦਦਗਾਰ ਹੋ ਸਕਦੇ ਹਨ ਜਿਨ੍ਹਾਂ ਕੋਲ ਲੰਬੀ ਦੂਰੀ ਜਾਂ ਉੱਚੀ-ਨੀਵੀਂ ਜ਼ਮੀਨ 'ਤੇ ਅੱਗੇ ਵਧਣ ਲਈ ਬਾਹਾਂ ਵਿੱਚ ਤਾਕਤ ਨਹੀਂ ਹੈ, ਪਰ ਉਹ ਸੰਚਾਲਿਤ ਗਤੀਸ਼ੀਲਤਾ ਦੇ ਪ੍ਰਬੰਧ ਲਈ ਐਨਐਚਐਸ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ।

**ਪਾਵਰ ਪੈਕ ਖਰੀਦਣ ਤੋਂ ਪਹਿਲਾਂ ਤੁਹਾਨੂੰ ਵੈਸਟਮਾਰਕ** ਤੋਂ ਇਜਾਜ਼ਤ ਦੀ ਲੋੜ ਹੁੰਦੀ ਹੈ, ਤੁਸੀਂ ਇਹ ਦਫ਼ਤਰ ਨੂੰ 0300 79 00 129 'ਤੇ ਕਾਲ ਕਰਕੇ, ਅਤੇ ਇਹ ਦੱਸ ਕੇ ਕਰ ਸਕਦੇ ਹੋ ਕਿ ਤੁਹਾਡੀ ਆਪਣੀ ਵ੍ਹੀਲਚੇਅਰ 'ਤੇ ਪਾਵਰ ਪੈਕ ਲਗਾਉਣ ਦੀ ਯੋਜਨਾ ਹੈ। ਜੇਕਰ ਤੁਹਾਨੂੰ ਇੱਕ ਤੋਂ ਵੱਧ ਵ੍ਹੀਲਚੇਅਰ ਜਾਰੀ ਕੀਤੀ ਗਈ ਹੈ, ਤਾਂ ਕਿਰਪਾ ਕਰਕੇ ਦੱਸੋ ਕਿ ਕਿਸ ਵਿੱਚ ਪਾਵਰ ਪੈਕ ਲਾਉਣਾ ਹੈ। ਜੇਕਰ ਇਜਾਜ਼ਤ ਦਿੱਤੀ ਗਈ ਹੈ ਤਾਂ ਅਸੀਂ ਸਲਾਹ ਦੇਣ ਲਈ ਤੁਹਾਡੇ ਨਾਲ ਸੰਪਰਕ ਕਰਾਂਗੇ।

**ਇਹ ਮਰੀਜ਼ ਦੇ ਪਰਿਵਾਰ ਜਾਂ ਦੇਖਭਾਲ ਕਰਨ ਵਾਲਿਆਂ ਦੀ ਜ਼ਿੰਮੇਵਾਰੀ ਹੈ -**

- ਪਾਵਰ ਪੈਕ ਨੂੰ ਖਰੀਦਣ, ਫਿੱਟ ਕਰਨ ਅਤੇ ਰੱਖ-ਰਖਾਅ ਕਰਨ ਦੀ
- ਇਹ ਯਕੀਨੀ ਬਣਾਉਣਾ ਕਿ ਖਰੀਦਿਆ ਗਿਆ ਪਾਵਰ ਪੈਕ ਤੁਹਾਡੀ ਵੈਸਟਮਾਰਕ ਦੀ ਵ੍ਹੀਲਚੇਅਰ ਦੇ ਅਨੁਕੂਲ ਹੈ। ਇਸ ਵਿੱਚ ਇਹ ਸੁਨਿਸ਼ਚਿਤ ਕਰਨਾ ਸ਼ਾਮਲ ਹੈ ਕਿ ਵ੍ਹੀਲਚੇਅਰ ਅਤੇ ਇਸਦੇ ਸਵਾਰ ਦਾ ਸੰਯੁਕਤ ਵਜ਼ਨ ਪਾਵਰ ਪੈਕ ਦੀ ਕੰਮ ਕਰਨ ਦੀ ਸੁਰੱਖਿਅਤ ਸੀਮਾ (ਵੱਧ ਤੋਂ ਵੱਧ ਉਪਭੋਗਤਾ ਵਜ਼ਨ) ਤੋਂ ਵੱਧ ਨਾ ਹੋਵੇ।
- ਪਾਵਰ ਪੈਕ ਦੀ ਫਿਟਿੰਗ ਦੁਆਰਾ ਵੈਸਟਮਾਰਕ ਦੀ ਵ੍ਹੀਲਚੇਅਰ ਨੂੰ ਹੋਈ ਕਿਸੇ ਵੀ ਮੁਰੰਮਤ, ਜਾਂ ਨੁਕਸਾਨ ਲਈ ਭੁਗਤਾਨ ਕਰਨ ਦੀ।
- ਪਾਵਰ ਪੈਕ ਨੂੰ ਮੌਜੂਦਾ ਵ੍ਹੀਲਚੇਅਰ ਤੋਂ ਨਵੀਂ ਵ੍ਹੀਲਚੇਅਰ 'ਤੇ ਟ੍ਰਾਂਸਫਰ ਕਰਨ ਦੀ, ਅਤੇ ਫਿਰ ਵੈਸਟਮਾਰਕ ਨਾਲ ਸੰਪਰਕ ਕਰਨ ਦੀ ਤਾਂ ਜੋ ਮੌਜੂਦਾ ਵ੍ਹੀਲਚੇਅਰ ਨੂੰ ਚੁੱਕਿਆ ਜਾ ਸਕੇ।

**ਕਿਸੇ ਵੀ ਹਾਲਤ ਵਿੱਚ ਵ੍ਹੀਲਚੇਅਰ ਦੇ ਮੌਜੂਦਾ ਸੈਟੱਅਪ, ਅਤੇ ਬੈਠਣ ਦੀ ਪ੍ਰਣਾਲੀ ਨੂੰ ਵੈਸਟਮਾਰਕ ਇੰਜੀਨੀਅਰਿੰਗ ਸਟਾਫ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਣਾ ਚਾਹੀਦਾ। ਜੇਕਰ ਪਾਵਰ ਪੈਕ ਕੰਪਨੀ ਸਲਾਹ ਦਿੰਦੀ ਹੈ ਕਿ ਪਾਵਰ ਪੈਕ ਨੂੰ ਅਨੁਕੂਲ ਕਰਨ ਲਈ ਵ੍ਹੀਲਚੇਅਰ ਨੂੰ ਸੋਧਣ ਦੀ ਲੋੜ ਹੈ, ਤਾਂ ਕਿਰਪਾ ਕਰਕੇ ਇਸ ਬਾਰੇ ਹੋਰ ਚਰਚਾ ਕਰਨ ਲਈ ਵੈਸਟਮਾਰਕ ਨੂੰ ਕਾਲ ਕਰੋ।**

## ਪਾਵਰ ਪੈਕ ਪ੍ਰਦਾਤਾ ਅਤੇ ਨਿਰਮਾਤਾ

ਹੇਠਾਂ ਉਹਨਾਂ ਪਾਵਰ ਪੈਕ ਪ੍ਰਦਾਤਾਵਾਂ ਲਈ ਸੰਪਰਕ ਜਾਣਕਾਰੀ ਹੈ ਜਿਨ੍ਹਾਂ ਦੇ ਉਤਪਾਦ ਆਮ ਤੌਰ 'ਤੇ ਵੈਸਟਮਾਰਕ ਦੁਆਰਾ ਜਾਰੀ ਵ੍ਹੀਲਚੇਅਰਾਂ ਦੇ ਅਨੁਕੂਲ ਹੋਣ ਕਰਕੇ ਜਾਣੇ ਜਾਂਦੇ ਹਨ।

**ਟੀਜੀਏ (TGA)**

💻 **https://www.tgamobility.co.uk/range/powerpacks**

☎ **0800 107 5349**

**ਐਲਬਰ ਮੋਬੀਲਿਟੀ**

💻 **https://www.alber.de/en/products/push-and-brake-aids/**

☎ **01656 776 200**

**ਸਨਰਾਈਜ਼ ਮੈਡੀਕਲ (ਕਿਰਪਾ ਕਰਕੇ ਧਿਆਨ ਦਿਓ ਕਿ ਸਨਰਾਈਜ਼ ਮੈਡੀਕਲ ਉਤਪਾਦਾਂ ਵਿੱਚ ਸਿਰਫ਼ ਸਨਰਾਈਜ਼ ਮੈਡੀਕਲ ਪਾਵਰ ਪੈਕ ਹੀ ਫਿੱਟ ਕੀਤੇ ਜਾ ਸਕਦੇ ਹਨ)**

💻 **https://www.sunrisemedical.co.uk/e-mobility/e-mpulse/wheelchair-power-assist**

☎ **0845 605 6688**

ਕਈ ਆਨਲਾਈਨ ਰਿਟੇਲਰ ਹਨ ਜੋ ਪਾਵਰ ਪੈਕ ਪ੍ਰਦਾਨ ਕਰਦੇ ਹਨ। ਅਸੀਂ ਸੁਝਾਅ ਦੇਵਾਂਗੇ ਕਿ ਤੁਸੀਂ ਇਹ ਯਕੀਨੀ ਬਣਾਉਣ ਲਈ ਕਿ ਕੋਈ ਉਤਪਾਦ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰੇਗਾ, ਖਰੀਦਣ ਤੋਂ ਪਹਿਲਾਂ ਇੱਕ ਅਜ਼ਮਾਇਸ਼ ਦਾ ਪ੍ਰਬੰਧ ਕਰੋ।

**ਪਾਵਰ ਪੈਕ ਦੇ ਫਿੱਟ ਹੋਣ ਤੋਂ ਪਹਿਲਾਂ ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ ਤੁਹਾਡੇ ਦੁਆਰਾ ਚੁਣਿਆ ਗਿਆ ਪਾਵਰ ਪੈਕ ਤੁਹਾਡੀ ਵ੍ਹੀਲਚੇਅਰ ਦੇ ਮੇਕ ਅਤੇ ਮਾਡਲ ਦੇ ਅਨੁਕੂਲ ਹੈ। ਜੇਕਰ ਤੁਸੀਂ ਆਪਣੀ ਵ੍ਹੀਲਚੇਅਰ ਦੇ ਮੇਕ ਅਤੇ ਮਾਡਲ ਬਾਰੇ ਸੁਨਿਸ਼ਚਿਤ ਨਹੀਂ ਹੋ, ਤਾਂ ਕਿਰਪਾ ਕਰਕੇ ਸਾਡੀ ਟੀਮ ਨਾਲ ਸੰਪਰਕ ਕਰੋ ਜੋ ਤੁਹਾਡੇ ਲਈ ਇਸਦੀ ਪੁਸ਼ਟੀ ਕਰ ਸਕਦੀ ਹੈ।**

| ਵ੍ਹੀਲਚੇਅਰ ਦਾ ਮਾਡਲ | ਨਿਰਮਾਤਾ |
|---|---|
| ਐਕਸੈੱਸ | ਰੈਮਪਲੋਏ |
| ਡੈਸ਼ ਲਾਈਟ | |
| ਡੈਸ਼ 4 ਲਾਈਫ਼ | |
| ਐਕਸ਼ਨ 2ਐਨਜੀ | ਇਨਵਾਕੇਅਰ |
| ਐਕਸ਼ਨ 3ਐਨਜੀ | |
| ਐਕਸ਼ਨ 4 ਟਾਲ/ਐਚਡੀ | |
| ਰੀਆ ਅਜ਼ਾਲਿਆ/ਡਾਹਲਿਆ (ਮੈਕਸ ਨਹੀਂ) | |
| ਟੋਪਾਜ਼ | |
| ਐਕਸ਼ਨ 3 ਜੂਨਿਅਰ | |
| ਜ਼ਿਪੀ ਟੀਐਸ | ਸਨਰਾਈਜ਼ ਮੈਡੀਕਲ |
| ਕੁਵਿਕੀ ਆਇਰਿਸ | |
| ਸ਼ੈਡੋ ਵ੍ਹੀਲਬੇਸ* | ਰੈਡਕਲਿੱਫ |
| ਡਿਸਕਵਰੀ | ਔਟੋਬੌਕ – ਹੇਠਾਂ ਦੇਖੋ |

*ਜੇ ਇਸ ਵ੍ਹੀਲਬੇਸ 'ਤੇ ਇੱਕ ਟੀਜੀਏ ਪਾਵਰ ਪੈਕ ਫਿੱਟ ਕੀਤਾ ਜਾਣਾ ਹੈ, ਤਾਂ ਵੈਸਟਮਾਰਕ ਦੇ ਇੰਜਨੀਅਰਿੰਗ ਸਟਾਫ ਨੂੰ ਇੱਕ ਵਾਧੂ ਪੁਰਜੇ ਨੂੰ ਫਿੱਟ ਕਰਨ ਦੀ ਲੋੜ ਹੋਵੇਗੀ।

## ਔਟੋਬੌਕ ਡਿਸਕਵਰੀ ਵ੍ਹੀਲਬੇਸ

ਔਟੋਬੌਕ ਹੈਲਥਕੇਅਰ ਪੀਐਲਸੀ ਨੂੰ ਡਿਸਕਵਰੀ ਵ੍ਹੀਲਬੇਸ ਚੈਸੀ ਦੇ ਥੱਲੇ ਪਾਵਰ ਪੈਕ ਯੂਨਿਟ ਫਿੱਟ ਕਰਨ 'ਤੇ ਕੋਈ ਇਤਰਾਜ਼ ਨਹੀਂ ਹੈ। ਔਟੋਬੌਕ ਆਮ ਵਰਤੋਂ ਦੌਰਾਨ ਹੋਣ ਵਾਲੇ ਫਰੇਮ ਦੇ ਕਿਸੇ ਵੀ ਨੁਕਸਾਨ ਦੇ ਸੰਬੰਧ ਵਿੱਚ ਕਿਸੇ ਵੀ ਵਾਰੰਟੀ ਕਲੇਮਾਂ ਨੂੰ ਮੰਨੇਗਾ, ਜਦੋਂ ਤੱਕ ਹੇਠਾਂ ਲਿਖੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਹਨ:

- ਯੂਨਿਟ ਨੂੰ ਲਾਉਣ ਦੀ ਸਮਾਈ ਕਰਨ ਲਈ ਫਰੇਮ ਨੂੰ ਸੋਧਿਆ ਨਹੀਂ ਗਿਆ ਹੈ, ਉਦਾਹਰਨ ਲਈ ਫਰੇਮ ਕਿਸੇ ਵੀ ਤਰੀਕੇ ਨਾਲ ਮੋੜਿਆ ਜਾਂ ਡ੍ਰਿੱਲ ਨਹੀਂ ਕੀਤਾ ਗਿਆ ਹੈ।
- ਪਾਵਰ ਪੈਕ ਯੂਨਿਟ ਨਾਲ ਸਪਲਾਈ ਕੀਤੀਆਂ ਫਿਟਿੰਗ ਹਦਾਇਤਾਂ ਦੀ ਪਾਲਣਾ ਕੀਤੀ ਗਈ ਹੈ।
- ਮਰੀਜ਼, ਬੈਠਣ ਦੀ ਪ੍ਰਣਾਲੀ ਅਤੇ ਪਾਵਰ ਪੈਕ ਯੂਨਿਟ ਦਾ ਕੁੱਲ ਵਜਨ ਵ੍ਹੀਲਬੇਸ ਦੀ ਵਜਨ ਸੀਮਾ (110ਕਿੱਲੋ/17.3ਸਟੋਨ) ਤੋਂ ਵੱਧ ਨਹੀਂ ਹੈ।

**ਕਿਰਪਾ ਕਰਕੇ ਪੰਨਾ ਪਰਤੋ**

**ਕਿਰਪਾ ਕਰਕੇ ਇਹ ਵੀ ਨੋਟ ਕਰੋ:**

- ਤੁਹਾਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਇੱਕ ਪਾਵਰ ਬੈਕ ਯੂਨਿਟ ਨੂੰ ਫਰੇਮ ਵਿੱਚ ਫਿੱਟ ਕਰਨ ਨਾਲ ਟਿਲਟ-ਇਨ-ਸਪੇਸ- ਫੰਕਸ਼ਨ ਦੀ ਕਿਰਿਆ, ਅਤੇ ਸੀਮਾ ਵਿੱਚ ਵਿਘਨ ਪਾ ਸਕਦਾ ਹੈ।
- ਟੀਜੀਏ ਨੇ ਇੱਕ ਖਾਸ ਮਾਊਂਟਿੰਗ ਬਰੈਕਟ ਤਿਆਰ ਕੀਤੀ ਹੈ ਜੋ ਉਹਨਾਂ ਦੀ ਯੂਨਿਟ ਨੂੰ ਡਿਸਕਵਰੀ ਫਰੇਮ ਦੇ ਅਗਲੇ ਡੰਡੇ ਨਾਲ ਜੋੜਦਾ ਹੈ ਤਾਂ ਜੋ ਪਾਵਰ ਪੈਕ ਯੂਨਿਟ ਸੀਟ ਖੇਤਰ ਦੇ ਹੇਠਾਂ ਫਿੱਟ ਹੋ ਜਾਵੇ।
- ਜੇਕਰ ਪਾਵਰ ਪੈਕ ਯੂਨਿਟ ਨੁਕਸਾਨ ਦਾ ਕਾਰਨ ਸੀ, ਤਾਂ ਸੀਟ ਇੰਟਰਫੇਸ, ਜਾਂ ਇਸਦੇ ਕਿਸੇ ਵੀ ਸਬੰਧਿਤ ਹਿੱਸੇ ਦੇ ਨੁਕਸਾਨ ਨੂੰ ਵਾਰੰਟੀ ਦੁਆਰਾ ਕਵਰ ਨਹੀਂ ਕੀਤਾ ਜਾਵੇਗਾ।

# ਨੋਟਸ